# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 18 ਸਤੰਬਰ 2025 ਦਿਨ ਵੀਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਰਾਮ ਮੁਹੰਮਦ ਸਿੰਘ ਆਜ਼ਾਦ ਵੈਲਫੇਅਰ ਸੋਸਾਇਟੀ ਵੱਲੋਂ ਪ੍ਰਿੰਸੀਪਲ ਸੰਦੀਪ ਕੌਰ ਸੁੱਖਣਵਾਲਾ ਅਤੇ ਲੈਕਚਰਾਰ ਬੇਅੰਤ ਕੌਰ ਦਾ ਸੇਵਾਮੁਕਤੀ ਮੌਕੇ ਕੀਤਾ ਗਿਆ ਸਨਮਾਨ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 18 ਸਤੰਬਰ : "ਸਰਕਾਰੀ ਸੇਵਾ ਤੋਂ ਮੁਕਤ ਹੋ ਜਾਣ ਨਾਲ ਅਧਿਆਪਕ ਦਾ ਸਮਾਜ ਪ੍ਰਤੀ ਫਰਜ ਖਤਮ ਨਹੀਂ ਹੋ ਜਾਂਦਾ, ਸਗੋਂ ਉਸਦੀ ਸੇਵਾ ਦਾ ਦਾਇਰਾ ਹੋਰ ਵਿਸ਼ਾਲ ਹੋ ਜਾਂਦਾ ਹੈ।" ਇਹ ਸ਼ਬਦ ਰਾਮ ਮੁਹੰਮਦ ਸਿੰਘ ਅਜ਼ਾਦ ਵੈਲਫੇਅਰ ਸੋਸਾਇਟੀ ਕੋਟਕਪੂਰਾ ਦੇ ਪ੍ਰਧਾਨ ਮਾਸਟਰ ਅਸ਼ੋਕ ਕੌਸ਼ਲ ਨੇ ਸੰਸਥਾ ਵੱਲੋਂ ਪ੍ਰਿੰਸੀਪਲ ਸੰਦੀਪ ਕੌਰ ਸੁੱਖਣ ਵਾਲਾ ਅਤੇ ਲੈਕਚਰਾਰ ਬੇਅੰਤ ਕੌਰ ਦੇ ਸੇਵਾ ਮੁਕਤੀ ਦੇ ਮੌਕੇ 'ਤੇ ਕੀਤੇ ਗਏ ਸਨਮਾਨ ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਕਹੇ। ਉਨਾਂ ਕਿਹਾ ਕਿ ਸਮਾਜ ਅਧਿਆਪਕ ਤੋਂ ਹਮੇਸ਼ਾ ਸਿਖਿਆ ਅਤੇ ਯੋਗ ਅਗਵਾਈ ਦੀ ਆਸ ਕਰਦਾ ਹੈ। ਵਰਨਣਯੋਗ ਹੈ ਕਿ ਮੈਡਮ ਸੰਦੀਪ ਕੌਰ ਪਿਛਲੇ ਦਿਨੀਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੁੱਖਣਵਾਲਾ ਤੋਂ ਬਤੌਰ ਪ੍ਰਿੰਸੀਪਲ ਸੇਵਾਮੁਕਤ ਹੋਏ ਹਨ ਅਤੇ ਮੈਡਮ ਬੇਅੰਤ ਕੌਰ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਕੋਟਕਪੂਰਾ ਤੋਂ ਬਤੌਰ ਲੈਕਚਰਾਰ ਸੇਵਾਮੁਕਤ ਹੋਏ ਹਨ। ਸਮਾਗਮ ਨੂੰ ਸੰਬੋਧਨ ਕਰਦੇ ਹੋਏ ਸੋਸਾਇਟੀ ਦੇ ਜਨਰਲ ਸਕੱਤਰ ਕੁਲਵੰਤ ਸਿੰਘ ਚਾਨੀ, ਵਿੱਤ ਸਕੱਤਰ ਸੋਮਨਾਥ ਅਰੋੜਾ, ਪ੍ਰੋ ਹਰਬੰਸ ਸਿੰਘ ਪਦਮ ਅਤੇ ਮੁਖਤਿਆਰ ਸਿੰਘ ਮਤਾ ਨੇ ਕਿਹਾ ਕਿ ਦੋਹਵਾਂ ਅਧਿਆਪਕਾਵਾਂ ਨੇ ਆਪਣੀ ਡਿਊਟੀ ਪੂਰੀ ਮਿਸ਼ਨਰੀ ਭਾਵਨਾ ਨਾਲ ਨਿਭਾਉਣ ਦੇ ਨਾਲ-ਨਾਲ ਰਾਮ ਮੁਹੰਮਦ ਸਿੰਘ ਆਜ਼ਾਦ ਵੈਲਫੇਅਰ ਸੋਸਾਇਟੀਨੂੰ ਵੀ ਹਮੇਸ਼ਾ ਸਹਿਯੋਗ ਦੇ ਕੇ ਸਰਕਾਰੀ ਸਕੂਲਾਂ ਦੀ ਵਡਮੁੱਲੀ ਸੇਵਾ ਕੀਤੀ ਹੈ।




ਸਮਾਗਮ ਨੂੰ ਸੰਬੋਧਨ ਕਰਦੇ ਹੋਏ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਐਮੀਨੈਂਸ) ਕੋਟਕਪੂਰਾ ਦੇ ਪ੍ਰਿੰਸੀਪਲ ਪੰਨਾ ਲਾਲ ਨੇ ਕਿਹਾ ਕਿ ਜੇ ਸਾਰੇ ਅਧਿਆਪਕ ਹੀ ਇਸ ਤਰਾਂ ਕੰਮ ਸੱਭਿਆਚਾਰ' ਦੀ ਪਾਲਣਾ ਕਰਨ ਤਾਂ ਸਮਾਜ ਵਿੱਚ ਵਧੇਰੇ ਸਨਮਾਨ ਦੇ ਪਾਤਰ ਬਣ ਸਕਦੇ ਹਨ। ਸਮਾਗਮ ਨੂੰ ਕੋਟਕਪੂਰਾ ਦੀ ਹੋਣਹਾਰ ਬੇਟੀ ਹਰਕਿਰਨ ਕੌਰ-ਜਿਸਨੇ ਸੋਸਾਇਟੀ ਦੀ ਮਦਦ ਨਾਲ ਕਾਨੂੰਨ ਦੀ ਡਿਗਰੀ ਪਹਿਲੇ ਦਰਜੇ ਵਿੱਚ ਪਾਸ ਕੀਤੀ ਹੈ, ਨੇ ਬਹੁਤ ਪ੍ਰਭਾਵਸ਼ਾਲੀ ਸੰਬੋਧਨ ਨਾਲ ਸੋਸਾਇਟੀ ਦੇ ਕੰਮਾਂ ਦੀ ਸ਼ਲਾਘਾ ਕੀਤੀ। ਸੁਸਾਇਟੀ ਵਲੋਂ ਪ੍ਰਿੰਸੀਪਲ ਸੰਦੀਪ ਕੌਰ ਅਤੇ ਲੈਕਚਰਾਰ ਬੇਅੰਤ ਕੌਰ ਨੂੰ ਸਨਮਾਨ ਚਿੰਨ੍ਹ ਅਤੇ ਸ਼ਾਲ ਭੇਟ ਕਰ ਕੇ ਸਨਮਾਨ ਕੀਤਾ ਗਿਆ। ਸਨਮਾਨ ਪ੍ਰਾਪਤ ਅਧਿਆਪਕਾਵਾ ਨੇ ਵੀ ਆਪਣੇ ਅਨੁਭਵ ਸਾਂਝੇ ਕਰਦੇ ਹੋਏ ਸੋਸਾਇਟੀ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਿੰਸੀਪਲ ਰਾਜਵਿੰਦਰ ਕੌਰ, ਪ੍ਰਿੰਸੀਪਲ ਨਵਦੀਪ ਸ਼ਰਮਾ, ਸੇਵਾਮੁਕਤ ਪ੍ਰਿੰਸੀਪਲ ਡਾ. ਅੰਮ੍ਰਿਤਪਾਲ ਕੌਰ ਸ਼ਹੀਦ ਭਗਤ ਸਿੰਘ ਸਰਕਾਰੀ ਕਾਲਜ ਕੋਟਕਪੂਰਾ, ਅਮਰਜੀਤ ਕੌਰ ਛਾਬੜਾ, ਰੁਲਦੂ ਸਿੰਘ ਔਲਖ, ਇਕਬਾਲ ਸਿੰਘ ਮੰਘੇੜਾ, ਤਰਸੇਮ ਨਰੂਲਾ, ਗੁਰਦੀਪ ਭੋਲਾ, ਗੇਜ ਰਾਮ ਭੌਰਾ, ਲੈਕਚਰਰ ਬਲਜੀਤ ਸਿੰਘ ਅਤੇ ਰਜਿੰਦਰ ਸਿੰਘ ਡੋਡ ਆਦਿ ਵੀ ਹਾਜ਼ਰ ਸਨ।

## "ਬਾਰਿਸ਼ਾਂ ਕਾਰਨ ਡਿੱਗੇ ਅਤੇ ਨੁਕਸਾਨੇ ਮਕਾਨਾਂ ਦੀ ਤੁਰੰਤ ਸਾਰ ਲਵੇ ਸਰਕਾਰ"- ਸੀਪੀਆਈ ।

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਫ਼ਰੀਦਕੋਟ 18 ਸਤੰਬਰ : ਭਾਰਤੀ ਕਮਿਊਨਿਸਟ ਪਾਰਟੀ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਜਿਲਾ ਫਰੀਦਕੋਟ ਦੇ ਗਰੀਬ ਪਰਿਵਾਰਾਂ ਨਾਲ ਸਬੰਧਤ ਜਿਨਾਂ ਮਕਾਨਾਂ ਦੀਆਂ ਛੱਤਾਂ ਡਿੱਗ ਗਈਆਂ ਹਨ ਜਾਂ ਕੰਧਾਂ ਪਾਟ ਜਾਣ ਕਾਰਨ ਨੁਕਸਾਨੇ ਗਏ ਹਨ,



ਉਨਾਂ ਦੀ ਤੁਰੰਤ ਰਿਪੋਰਟ ਲੈ ਕੇ ਮਦਦ ਕੀਤੀ ਜਾਵੇ ਕਿਉਂ ਜੋ ਇਨਾਂ ਪਰਿਵਾਰਾਂ ਕੋਲ ਮਕਾਨਾਂ ਦੀ ਖੁਦ ਮੁਰੰਮਤ ਕਰਨ ਦੀ ਸਮਰੱਥਾ ਨਹੀਂ ਹੈ। ਇਸ ਸਬੰਧੀ ਪਾਰਟੀ ਦਾ ਇਕ ਵਫਦ ਜਿਲਾ ਸਕੱਤਰ ਅਸ਼ੋਕ ਕੌਸ਼ਲ ਦੀ ਅਗਵਾਈ ਹੇਠ ਏਡੀਸੀ (ਜਨਰਲ) ਮੈਡਮ ਹਰਜੋਤ ਕੌਰ ਨੂੰ ਮਿਲਿਆ। ਵਫਦ ਵਿੱਚ ਕਾਮਰੇਡ ਗੁਰਚਰਨ ਸਿੰਘ ਮਾਨ, ਕਾਮਰੇਡ ਗੁਰਨਾਮ ਸਿੰਘ ਸਰਪੰਚ ਸੰਧੂਰਾ ਸਿੰਘ ਨਗਰ, ਕਾਮਰੇਡ ਵੀਰ ਸਿੰਘ ਕੰਮੇਆਣਾ ਸੀਨੀਅਰ ਆਗੂ ਨਰੇਗਾ ਮਜ਼ਦੂਰ ਯੂਨੀਅਨ ਸਬੰਧਤ ਏਟਕ ਅਤੇ ਗੁਰਦੀਪ ਸਿੰਘ ਸ਼ਾਮਲ ਸਨ। ਵਫਦ ਵੱਲੋਂ ਜਿਲਾ ਅਧਿਕਾਰੀ ਨੂੰ ਪਾਰਟੀ ਕੋਲ ਆਈਆਂ ਦਰਖਾਸਤਾਂ ਦੇ ਮੁਕੰਮਲ ਕਾਗਜ਼ਾਤ ਸੌਂਪ ਕੇ ਮਦਦ ਦੀ ਮੰਗ ਕੀਤੀ ਗਈ। ਅਧਿਕਾਰੀ ਨੂੰ ਦੱਸਿਆ ਗਿਆ ਕਿ ਖਰਾਬ ਮੌਸਮ ਦੇ ਚਲਦੇ ਮਜ਼ਦੂਰ ਪਰਿਵਾਰਾਂ ਦੀਆਂ ਕੰਮ ਦਿਹਾੜੀਆਂ ਦਾ ਵੀ ਨੁਕਸਾਨ ਹੋਇਆ ਹੈ ਅਤੇ ਮਨਰੇਗਾ ਦਾ ਕੰਮ ਵੀ ਬੰਦ ਪਿਆ ਹੈ। ਜਿਲਾ ਅਧਿਕਾਰੀ ਨੇ ਹਮਦਰਦੀ ਨਾਲ ਵਫਦ ਵਿੱਚ ਸ਼ਾਮਿਲ ਆਗੂਆਂ ਦੇ ਵਿਚਾਰ ਸੁਣੇ ਅਤੇ ਨਿਯਮਾਂ ਅਨੁਸਾਰ ਤੁਰੰਤ ਕਾਰਵਾਈ ਕਰਨ ਦਾ ਭਰੋਸਾ ਦਿੱਤਾ। ਪਾਰਟੀ ਆਗੂਆਂ ਨੇ ਪ੍ਰੈੱਸ ਦੇ ਨਾਂ ਜਾਰੀ ਕੀਤੇ ਇਕ ਬਿਆਨ ਵਿਚ ਦੱਸਿਆ ਕਿ 21 ਸਤੰਬਰ ਨੂੰ ਮੋਹਾਲੀ ਵਿਖੇ ਪਾਰਟੀ ਵੱਲੋਂ ਕੀਤੀ ਜਾ ਰਹੀ ਮਹਾਂ ਰੈਲੀ ਵਿੱਚ ਇਹ ਮੰਗ ਵੀ ਚੁੱਕੀ ਜਾਏਗੀ ਅਤੇ ਜੇ ਲੋੜ ਪਈ ਤਾਂ ਪਾਰਟੀ ਸੰਘਰਸ਼ ਕਰਨ ਤੋਂ ਵੀ ਪਿਛੇ ਨਹੀਂ ਹਟੇਗੀ।

## ਕੋਟਕਪੂਰਾ ਵਿਖ਼ੇ ਭਾਜਪਾ ਆਗੂਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮਦਿਨ ਮੌਕੇ ਲਾ ਕੇ ਦਿੱਤੀ ਵਧਾਈ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 18 ਸਤੰਬਰ : ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ 75ਵੇਂ ਜਨਮ ਦਿਵਸ ਮੌਕੇ 'ਤੇ ਸਥਾਨਕ ਸੇਠ ਕੇਦਾਰਨਾਥ ਧਰਮਸ਼ਾਲਾ ਵਿਖ਼ੇ ਭਾਰਤੀ ਜਨਤਾ ਪਾਰਟੀ ਬਲਾਕ ਕੋਟਕਪੂਰਾ ਅਤੇ ਯੁਵਾ ਮੋਰਚਾ ਵੱਲੋਂ ਲਾਏ ਗਏ ਖ਼ੂਨਦਾਨ ਕੈਂਪ ਦੌਰਾਨ 27 ਵਿਅਕਤੀਆਂ ਵੱਲੋਂ ਸਵੈ-ਇਛੁੱਕ ਤੌਰ "ਤੇ ਖ਼ੂਨਦਾਨ ਕੀਤਾ ਗਿਆ, ਜੋ ਦੀਪ ਹਸਪਤਾਲ ਫਰੀਦਕੋਟ ਦੇ ਬਲੱਡ ਬੈਂਕ ਦੀ ਟੀਮ ਨੇ ਇਕੱਤਰ ਕੀਤਾ। ਇਸ ਦੌਰਾਨ ਮਾ. ਹਰਬੰਸ ਲਾਲ ਸ਼ਰਮਾਂ, ਗੌਰਵ ਕੱਕੜ, ਸੁਨੀਤਾ ਗਰਗ, ਮਨਵੀਰ ਰੰਗਾ, ਪ੍ਰਦੀਪ ਸ਼ਰਮਾਂ ਅਤੇ ਰਾਜਨ ਨਾਰੰਗ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜਨਮ ਦਿਨ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੇਸ਼ ਲਗਾਤਾਰ ਤਰੱਕੀ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦੀ ਵਿਦੇਸ਼ ਨੀਤੀ ਕਾਰਨ ਹਿੰਦੁਸਤਾਨ ਦੀ ਦੁਨੀਆ ਭਰ ਵਿੱਚ ਸ਼ਲਾਘਾ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਹਰ ਮੁਸ਼ਕਿਲ ਦੇ ਦੌਰ ਵਿੱਚੋਂ ਦੇਸ਼ ਵਾਸੀ ਬੜੀ ਆਸਾਨੀ ਨਾਲ ਨਿਕਲੇ ਹਨ, ਜਿਸ ਕਾਰਨ ਲੋਕਾਂ ਦਾ ਵਿਸ਼ਵਾਸ਼ ਲਗਾਤਾਰ ਭਾਜਪਾ ਵਿੱਚ ਵੱਧ ਰਿਹਾ ਹੈ। ਖ਼ੂਨਦਾਨੀਆਂ ਲਈ ਰਿਫ਼ਰੈਸ਼ਮੈਂਟ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਅੰਤ ਵਿੱਚ ਖ਼ੂਨ ਦਾਨੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਗਗਨਦੀਪ ਅਹੂਜਾ, ਪਵਨ ਸ਼ਰਮਾਂ ਹਰੀਨੌਂ, ਮਨਵੀਰ ਰੰਗਾ, ਮਨਜੀਤ ਨੇਗੀ, ਸ਼ਮਸ਼ੇਰ ਸਿੰਘ ਭਾਨਾ, ਸੋਨੂੰ ਸਿੰਗਲਾ, ਹਰਦੀਪ ਸ਼ਰਮਾਂ, ਡਾ ਸਤੀਸ਼ ਸ਼ਰਮਾਂ, ਆਨੰਦ ਭਰਤੀਆ, ਸੁਨੀਲ ਮਿੱਤਲ ਸਮੇਤ ਵੱਡੀ ਗਿਣਤੀ ਵਿੱਚ ਭਾਜਪਾ ਆਗੂ ਤੇ ਵਰਕਰ ਹਾਜਰ ਸਨ।

## ਡਿਪਟੀ ਕਮਿਸ਼ਨਰ ਨੇ ਬਾਬਾ ਫ਼ਰੀਦ ਆਗਮਨ ਪੁਰਬ ਸਬੰਧੀ ਅਧਿਕਾਰੀਆਂ ਨਾਲ ਕੀਤੀ ਰਿਵਿਊ ਮੀਟਿੰਗ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ



ਫਰੀਦਕੋਟ 18 ਸਤੰਬਰ : ਬਾਬਾ ਸ਼ੇਖ ਫ਼ਰੀਦ ਆਗਮਨ ਪੁਰਬ 2025 ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਅਧਿਕਾਰੀਆਂ ਨਾਲ ਰਿਵਿਊ ਮੀਟਿੰਗ ਕੀਤੀ ਅਤੇ ਦੱਸਿਆ ਕਿ ਪਿਛਲੇ ਦਿਨੀਂ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਬਾਬਾ ਫਰੀਦ ਆਗਮਨ ਪੁਰਬ ਮੌਕੇ 19 ਤੋਂ 23 ਸਤੰਬਰ ਤੱਕ ਸਿਰਫ ਧਾਰਮਿਕ ਸਮਾਗਮ ਹੀ ਹੋਣਗੇ।

ਉਨ੍ਹਾਂ ਦੱਸਿਆ ਕਿ ਬਾਬਾ ਫ਼ਰੀਦ ਆਗਮਨ ਪੁਰਬ ਦੌਰਾਨ ਫ਼ਰੀਦਕੋਟ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਆਉਂਦੀ ਹੈ, ਜਿਸ ਕਾਰਨ ਆਵਾਜਾਈ ਸੁਚਾਰੂ ਬਣਾਈ ਰੱਖਣ ਲਈ ਪੁਲ ਦੀ ਵਰਤੋਂ ਬਹੁਤ ਜ਼ਰੂਰੀ ਸੀ। ਉਨ੍ਹਾਂ ਕਿਹਾ ਕਿ ਪੁੱਲ ਆਰਜ਼ੀ ਤੌਰ ਤੇ ਖੋਲਿਆ ਗਿਆ ਹੈ ਜਿਸ ਨਾਲ ਆਉਣ ਵਾਲੇ ਯਾਤਰੀਆਂ ਨੂੰ ਵੱਡੀ ਸੁਵਿਧਾ ਮਿਲੇਗੀ।

ਉਨ੍ਹਾਂ ਦੱਸਿਆ ਕਿ ਇਸ ਵਾਰ ਮੇਲੇ ਦੌਰਾਨ ਸਾਰੇ ਦਿਨ ਮਿਤੀ 19 ਤੋਂ 23 ਸਤੰਬਰ ਤੱਕ ਲੰਗਰ ਲਗਾਇਆ ਜਾਵੇਗਾ, ਸੰਗਤਾਂ ਦੇ ਇਕੱਠ ਨੂੰ ਧਿਆਨ ਵਿੱਚ ਰੱਖਦਿਆਂ ਲੰਗਰ ਸ਼ਹਿਰ ਦੀਆਂ ਅਲੱਗ-ਅਲੱਗ ਥਾਵਾਂ ਤੇ ਲਗਾਇਆ ਜਾਵੇਗਾ ਅਤੇ ਲੰਗਰ ਲਗਾਉਣ ਉਪਰੰਤ ਉੱਥੇ ਸਫਾਈ ਦਾ ਧਿਆਨ ਰੱਖਿਆ ਜਾਵੇ ਕਿ ਗੰਦਗੀ ਦੇ ਢੇਰ ਨਾ ਲਗਾਏ ਜਾਣ ਅਤੇ ਕੂੜੇਦਾਨ ਦਾ ਪ੍ਰਬੰਧ ਜਰੂਰ ਹੋਵੇ।

ਇਸ ਮੌਕੇ ਐਸ.ਐਸ.ਪੀ ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਪੁਲਿਸ ਵੱਲੋਂ ਜਿਲਾ ਪ੍ਰਸ਼ਾਸ਼ਨ ਦੇ ਸਹਿਯੋਗ ਨਾਲ ਬਾਬਾ ਫਰੀਦ ਆਗਮਨ ਪੁਰਬ ਲਈ ਪੁਖਤਾ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ।ਉਨ੍ਹਾਂ ਸੁਰੱਖਿਆ ਤੇ ਟਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਜਿਲਾ ਵਾਸੀਆਂ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਨਵਜੋਤ ਕੌਰ, ਐਸ.ਡੀ.ਐਮ ਫਰੀਦਕੋਟ ਮੇਜਰ ਵਰੁਣ ਕੁਮਾਰ, ਐਸ.ਡੀ.ਐਮ ਜੈਤੋ ਸ੍ਰੀ ਸੂਰਜ, ਐਸ.ਪੀ ਸ. ਮਨਿੰਦਰ ਬੀਰ ਸਿੰਘ, ਡੀ.ਐਸ.ਪੀ ਸ. ਤ੍ਰਿਲੋਚਨ ਸਿੰਘ,ਸ਼੍ਰੀਮਤੀ ਨੀਲਮ ਰਾਣੀ ਡੀ.ਈ.ਓ, ਮਨਦੀਪ ਮੋਂਗਾ ਸੈਕਟਰੀ ਰੈਡ ਕਰਾਸ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

## ਡੀ.ਸੀ.ਐੱਮ. ਸਕੂਲ ਜ਼ਿਲ੍ਹਾ ਪੱਧਰੀ ਖੇਡਾਂ 'ਚੋਂ ਜਿਲੇ ਵਿੱਚੋਂ ਪਹਿਲੇ ਸਥਾਨ 'ਤੇ ਰਹਿ ਕੇ ਬਣਿਆ ਮੋਹਰੀ ਸਕੂਲ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 18 ਸਤੰਬਰ : 'ਸਿਖਿਆ ਦੇ ਖੇਤਰ ਵਿੱਚ ਮੋਹਰੀ ਭੂਮਿਕਾ ਨਿਭਾਅ ਰਹੀ ਸੰਸਥਾ ਡੀ.ਸੀ.ਐੱਮ. ਇੰਟਰਨੈਸ਼ਨਲ ਸਕੂਲ ਕੋਟਕਪੂਰਾ ਦੇ ਵਿਦਿਆਰਥੀਆਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਜਾਂਦੇ ਹਰ ਸਾਲ ਦੀ ਖੇਡ ਮੁਕਾਬਲਿਆਂ ਵਿੱ ੋਂ ਪਹਿਲਾਂ ਜੋਨ ਪੱਧਰੀ ਖੇਡਾਂ ਵਿਚ ਵੱਡੀਆਂ ਪ੍ਰਾਪਤੀਆਂ ਕਰਕੇ ਵਾਹ-ਵਾਹ ਖੱਟੀ ਅਤੇ ਹੁਣ ਜ਼ਿਲ੍ਹਾ ਪੱਧਰੀ ਖੇਡਾਂ ਵਿੱਚੋਂ ਜਿਲੇ ਦੇ ਸਾਰੇ ਸਕੂਲਾਂ ਵਿੱਚੋਂ ਪਹਿਲੇ ਨੰਬਰ 'ਤੇ ਰਹਿ ਕੇ ਅਲੱਗ-ਅਲੱਗ ਈਵੈਂਟਸ ਵਿਚ ਭਾਗ ਲੈਕੇ 200, ਗੋਲਡ, ਸਿਲਵਰ, ਕਾਂਸੇ ਦੇ ਮੈਡਲ ਪ੍ਰਾਪਤ ਕੀਤੇ। ôਇਸ ਸਮੇਂ ਬੇਹੱਦ ਖੁਸ਼ੀ ਪ੍ਰਾਪਤ ਕਰਦਿਆਂ ਸਕੂਲ ਦੀ ਪ੍ਰਬੰਧਕ ਕਮੇਟੀ ਅਤੇ ਪ੍ਰਿੰਸੀਪਲ ਸ਼੍ਰੀਮਤੀ ਮੀਨਾਕਸ਼ੀ ਸ਼ਰਮਾ ਵੱਲੋਂ ਵਿਦਿਆਰਥੀਆਂ ਅਤੇ ਕੋਚ ਸਹਿਬਾਨ ਭੁਪਿੰਦਰ ਸਿੰਘ, ਰੋਹਿਤ ਕੁਮਾਰ, ਰਜਿੰਦਰ ਸਿੰਘ, ਦਾ ਸਕੂਲ ਪਹੁੰਚਣ ਤੇ ਸਵਾਗਤ ਕੀਤਾ ਗਿਆ। ਪ੍ਰਿੰਸੀਪਲ ਸ਼੍ਰੀਮਤੀ ਮੀਨਾਕਸ਼ੀ ਸ਼ਰਮਾ ਨੇ ਕਿਹਾ ਕਿ ਸਾਰੇ ਸਕੂਲਾਂ ਚੋ ਪਹਿਲੀਆਂ ਪੁਜੀਸ਼ਨਾਂ ਹਾਸਲ ਕਰਕੇ ਆਪਣਾ, ਸਕੂਲ, ਮਾਪਿਆਂ ਦਾ ਮਾਣ ਵਧਾਇਆ ਹੈ। ਵੱਖ ਵੱਖ ਖੇਡਾਂ ਜਿਵੇਂ ਲੜਕੀਆਂ ਰੱਸਾਕਸ਼ੀ ਮੁਕਾਬਲੇ ਵਿੱਚੋਂ, ਅੰਡਰ-14 ਅਤੇ 19 ਵਿੱਚੋਂ ਪਹਿਲਾ ਸਥਾਨ, ਲੜਕੀਆਂ ਰਗਬੀ ਵਿੱਚੋਂ ਅੰਡਰ-14 ਅਤੇ 17 ਦੂਜਾ ਅਤੇ ਤੀਜਾ ਸਥਾਨ/ਲੜਕੀਆਂ ਲਾਅਨ ਟੈਨਿਸ, ਅੰਡਰ-17, 19 ਦੋਵਾਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਦੇ ਨਾਲ ਲੜਕੀਆਂ ਨੇ ਕਰਾਟੇ, ਤਾਈਕਵਾਡੋਂ ਵਿੱਚੋਂ ਵੀ ਵੱਡੀ ਜਿੱਤ ਹਾਸਲ ਕਰਕੇ ਮੈਡਲ ਜਿੱਤੇ। ਇਸ ਦੇ ਨਾਲ ਲੜਕਿਆਂ ਦੀਆਂ ਖੇਡਾਂ ਵਿੱਚੋਂ ਰੱਸਾਕਸ਼ੀ ਮੁਕਾਬਲੇ ਅੰਡਰ-14, 17 19 ਤਿੰਨੇ ਦਰਜਿਆਂ ਨੇ ਪਹਿਲੀਆਂ ਪੁਜੀਸ਼ਨਾਂ ਹਾਸਲ ਕੀਤੀਆਂ। ਨੈੱਟਬਾਲ ਲੜਕੇ ਅੰਡਰ –17, 19 ਨੇ ਪਹਿਲਾ ਸਥਾਨ, ਲੜਕੇ ਲਾਅਨ ਟੈਨਿਸ ਅੰਡਰ-17, ਪਹਿਲਾ, ਅੰਡਰ-14 ਨੈੱਟਬਾਲ ਦੂਜਾ, ਕਿੱਕ ਬਾਕਸਿੰਗ, ਕਰਾਟੇ, ਤਾਈਕਵਾਡੋਂ ਵਿੱਚੋਂ ਵੀ ਕਾਫੀ ਮੈਡਲ ਪ੍ਰਾਪਤ ਕੀਤੇ ਹਨ। ਸਕੂਲ ਦੀ ਸਭ ਤੋਂ ਵੱਡੀ ਜਿੱਤ ਪੂਰੇ ਕੈਂਪਸ ਵਿੱਚ ਮਨਾਈ ਗਈ। ਇਸ ਸਮੇਂ ਪ੍ਰਿੰਸੀਪਲ ਨੇ ਵਿਦਿਆਰਥੀਆਂ ਤੇ ਉਹਨਾਂ ਦੇ ਮਾਤਾ-ਪਿਤਾ ਨੂੰ ਮੁਬਾਰਕਬਾਦ ਦਿੱਤੀ। ਸਾਰੇ ਜਿਲੇ ਵਿੱਚੋਂ ਵੱਡੀ ਜਿੱਤ ਹਾਸਲ ਕਰਕੇ ਆਏ ਵਿਦਿਆਰਥੀਆਂ ਨੂੰ ਆਸ਼ੀਰਵਾਦ ਦੇ ਕੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਕਾਮਨਾਵਾਂ ਕੀਤੀ ਕਰਦਿਆਂ ਅੱਗੇ ਪੰਜਾਬ ਪੱਧਰੀ ਖੇਡਾਂ ਵਿੱਚੋਂ ਸ਼ਾਨਦਾਰ ਪ੍ਰਾਪਤੀਆਂ ਕਰਕੇ ਆਉਣ ਲਈ ਪ੍ਰੇਰਿਤ ਕੀਤਾ।

## ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਡਰੀਮਲੈਂਡ ਪਬਲਿਕ ਸਕੂਲ ਦੇ ਲੜਕੇ ਜ਼ੋਨ ਪੱਧਰ 'ਤੇ ਜੇਤੂ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 18 ਸਤੰਬਰ : ਸਥਾਨਕ ਡਰੀਮਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮਿਹਨਤੀ ਕੋਚ ਹਰਵਿੰਦਰ ਸਿੰਘ ਅਤੇ ਰਾਜਪ੍ਰੀਤ ਸਿੰਘ ਦੀ ਅਗਵਾਈ ਹੇਠ ਸਕੂਲ ਦੇ ਲੜਕਿਆਂ ਨੇ ਸਤਰੰਜ਼, ਕਰਾਟੇ, ਤਾਈਕਵਾਂਡੋ, ਕਿੱਕ ਬਾਕਸਿੰਗ, ਵੂਸ਼ੂ, ਕੁਸ਼ਤੀ, ਗੱਤਕੇ ਅਤੇ ਸਕੇਟਿੰਗ ਦੇ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪੁਜੀਸ਼ਨਾਂ ਹਾਸਿਲ ਕੀਤੀਆਂ। ਸਤਰੰਜ਼ ਦੇ ਮੁਕਾਬਲਿਆਂ ਵਿੱਚ ਅੰਡਰ-19 ਵਿੱਚੋਂ ਮੋਹਿਤ ਗੋਇਲ, ਗੁਰਪ੍ਰੀਤ ਸਿੰਘ, ਅੰਮ੍ਰਿਤਜੋਤ ਸਿੰਘ ਸੰਧੂ, ਏਕਮਪ੍ਰੀਤ ਸਿੰਘ ਅਤੇ ਕਰਨਵੀਰ ਸਿੰਘ ਨੇ ਪਹਿਲਾ ਸਥਾਨ ਹਾਸਿਲ ਕੀਤਾ। ਤਾਈਕਵਾਂਡੋ ਦੇ ਮੁਕਾਬਲਿਆਂ ਵਿੱਚ ਅੰਡਰ-14 ਵਰਗ ਵਿੱਚ ਜਸ਼ਨਪ੍ਰੀਤ ਸਿੰਘ, ਅਭੀਜੀਤ ਸਿੰਘ, ਸਮੀਪ ਸਿੰਘ ਕੋਹਲੀ, ਲਵਪ੍ਰੀਤ ਸਿੰਘ ਅਤੇ ਕੁਸ਼ਲਦੀਪ ਸਿੰਘ ਨੇ ਪਹਿਲਾ ਸਥਾਨ ਹਾਸਿਲ ਕੀਤਾ। ਅੰਡਰ-17 ਵਰਗ ਵਿੱਚ ਮੋਨੂੰ, ਗੁਰਕੀਰਤ ਸਿੰਘ, ਅਵਤਾਰ ਸਿੰਘ, ਅਰਸ਼ਦੀਪ ਸਿੰਘ, ਜਸ਼ਨਪ੍ਰੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਨੇ ਪਹਿਲਾ ਸਥਾਨ ਹਾਸਿਲ ਕੀਤਾ। ਅੰਡਰ-19 ਵਿੱਚੋਂ ਏਕਮਪ੍ਰੀਤ ਸਿੰਘ, ਜਪਨਾਮ ਸਿੰਘ ਅਤੇ ਕਰਨਵੀਰ ਕੁਮਾਰ ਨੇ ਪਹਿਲਾ ਸਥਾਨ ਹਾਸਿਲ ਕੀਤਾ। ਕਿੱਕ ਬਾਕਸਿੰਗ ਦੇ ਮੁਕਾਬਲਿਆਂ ਵਿੱਚ ਅੰਡਰ-14 ਵਰਗ ਵਿੱਚ ਓਂਕਾਰ ਸਿੰਘ, ਸਮੀਪ ਸਿੰਘ ਕੋਹਲੀ, ਗੁਲਸ਼ਨ ਸ਼ਰਮਾ ਅਤੇ ਤਰੁਣ ਨੇ ਪਹਿਲਾ ਸਥਾਨ ਹਾਸਿਲ ਕੀਤਾ। ਅੰਡਰ-17 ਵਰਗ ਵਿੱਚ ਮੋਨੂੰ, ਗੁਰਕੀਰਤ ਸਿੰਘ, ਪੁਸ਼ਪ੍ਰੀਤ ਸਿੰਘ, ਹਰਮਨ ਸਿੰਘ, ਕਰਨਵੀਰ ਸਿੰਘ, ਮਨਰਾਜ ਸਿੰਘ ਅਤੇ ਗੁਰਪ੍ਰੀਤ ਸਿੰਘ ਨੇ ਪਹਿਲਾ ਸਥਾਨ ਹਾਸਿਲ ਕੀਤਾ। ਅੰਡਰ-19 ਵਰਗ ਵਿੱਚੋਂ ਜਪਨਾਮ ਸਿੰਘ ਅਤੇ ਪ੍ਰਭਲੀਨ ਸਿੰਘ ਨੇ ਪਹਿਲਾ ਸਥਾਨ ਹਾਸਿਲ ਕੀਤਾ। ਵੂਸ਼ੂ ਦੇ ਮੁਕਾਬਲਿਆਂ ਵਿੱਚ ਅੰਡਰ-17 ਵਰਗ ਵਿੱਚੋਂ ਕਰਨਵੀਰ ਸਿੰਘ, ਮਨਰਾਜ ਸਿੰਘ ਅਤੇ ਤਨਿਸ਼ ਮੋਂਗਾ ਨੇ ਪਹਿਲਾ ਸਥਾਨ ਹਾਸਿਲ ਕੀਤਾ। ਬੈਡਮਿੰਟਨ ਦੇ ਮੁਕਾਬਲਿਆਂ ਵਿੱਚ ਅੰਡਰ-14 ਵਰਗ ਵਿੱਚੋਂ ਜਤਿਨ ਅਤੇ ਲਵਿਸ਼ ਨੇ ਪਹਿਲਾ ਸਥਾਨ ਹਾਸਿਲ ਕੀਤਾ। ਅੰਡਰ-17 ਵਰਗ ਵਿੱਚੋਂ ਰਾਘਵ ਚਾਵਲਾ ਅਤੇ ਜਸ਼ਨਦੀਪ ਸਿੰਘ ਨੇ ਪਹਿਲਾ ਸਥਾਨ ਹਾਸਿਲ ਕੀਤਾ। ਕੁਸ਼ਤੀ ਦੇ ਮੁਕਾਬਲਿਆਂ ਵਿੱਚ ਅੰਡਰ-17ਵਰਗ ਵਿੱਚੋਂ ਕਮਲਪ੍ਰੀਤ ਸਿੰਘ ਅਤੇ ਹਰਮਨ ਸਿੰਘ ਨੇ ਪਹਿਲਾ ਸਥਾਨ ਹਾਸਿਲ ਕੀਤਾ। ਅੰਡਰ-19 ਵਰਗ ਵਿੱਚੋਂ ਸਹਾਏ ਨੇ ਪਹਿਲਾ ਸਥਾਨ ਹਾਸਿਲ ਕੀਤਾ। ਗੱਤਕੇ ਦੇ ਮੁਕਾਬਲੇ ਵਿੱਚ ਅੰਡਰ-17 ਵਰਗ ਵਿੱਚੋਂ ਅਨਮੋਲਪ੍ਰੀਤ ਸਿੰਘ, ਸੁਖਵੀਰ ਸਿੰਘ ਅਤੇ ਅਰਸ਼ਦੀਪ ਸਿੰਘ ਨੇ ਪਹਿਲਾ ਸਥਾਨ ਹਾਸਿਲ ਕੀਤਾ। ਅੰਡਰ-19 ਵਰਗ ਵਿੱਚੋਂ ਕਰਨਵੀਰ ਸਿੰਘ ਨੇ ਪਹਿਲਾ ਸਥਾਨ ਹਾਸਿਲ ਕੀਤਾ। ਸਕੇਟਿੰਗ ਦੇ ਮੁਕਾਬਲੇ ਵਿੱਚ ਅੰਡਰ-17 ਵਰਗ ਵਿੱਚੋਂ ਪਾਰਸ ਤੰਵਰ ਨੇ ਪਹਿਲਾ ਸਥਾਨ ਹਾਸਿਲ ਕੀਤਾ। ਸਕੂਲ ਦੇ ਚੇਅਰਮੈਨ ਪ੍ਰਕਾਸ਼ ਚੰਦ ਸ਼ਰਮਾ ਨੇ ਇਸ ਸ਼ਾਨਦਾਰ ਪ੍ਰਾਪਤੀ ਲਈ ਖਿਡਾਰੀਆਂ, ਕੋਚ ਸਹਿਬਾਨ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਰਾਕੇਸ਼ ਸ਼ਰਮਾ ਨੇ ਖਿਡਾਰੀਆਂ ਨੂੰ ਆਪਣਾ ਮੁਕਾਮ ਹਾਸਿਲ ਕਰਨ ਲਈ ਅੱਗੇ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਜ਼ਿਲ੍ਹਾ ਖੇਡ ਅਫਸਰ ਮੈਡਮ ਕੇਵਲ ਕੌਰ, ਜ਼ੋਨ ਸਕੱਤਰ ਸੁਖਮੀਤ ਸਿੰਘ, ਮੈਡਮ ਕੁਲਦੀਪ ਕੌਰ, ਕੋਚ ਹਰਬਿੰਦਰ ਸਿੰਘ, ਸਕੂਲ ਦੇ ਕੋਚ ਹਰਵਿੰਦਰ ਸਿੰਘ, ਰਾਜਪ੍ਰੀਤ ਸਿੰਘ ਅਤੇ ਪ੍ਰਾਈਵੇਟ ਅਤੇ ਸਰਕਾਰੀ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਕੋਚ ਸਹਿਬਾਨ ਹਾਜ਼ਰ ਸਨ।

## ਨੰਗੇ ਪੈਰਾਂ ਦਾ ਸਫ਼ਰ :—— ਨਵਦੀਪ ਸਿੰਘ ਦੀਪੂ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮਵੇਦ



ਹਰ ਇਨਸਾਨ ਨੂੰ ਆਪਣੇ ਬੱਚਿਆਂ ਤੇ ਮਾਣ ਮਹਿਸੂਸ ਹੁੰਦਾ ਹੈ। ਹਰ ਵਿਅਕਤੀ ਨੂੰ ਇਹ ਵੀ ਲੱਗਦਾ ਹੈ ਕਿ ਮੇਰਾ ਬੱਚਾ ਸਭ ਤੋਂ ਲਾਇਕ ਤੇ ਸਮਝਦਾਰ ਹੈ। ਇਵੇਂ ਹੀ ਮਾਸਟਰ ਗੁਰਮੇਲ ਸਨੀ ਸੇਖੂਵਾਸ ਨੂੰ ਵੀ ਫ਼ਕਰ ਹੈ ਕਿ ਉਸ ਦਾ ਬੇਟਾ ਨਵਦੀਪ ਸਿੰਘ ਦੀਪੂ ਬਹੁਤ ਸੁਹਿਰਦ , ਸਿਆਣਾ , ਸੂਝਵਾਨ ਤੇ ਸਮਝਦਾਰ ਹੈ। ਵਕਤ ਨੇ ਸਾਗ਼ਰ ਦੀਆਂ ਲਹਿਰਾਂ ਵਾਂਗ ਬੜੇ ਥਪੇੜੇ ਮਾਰੇ ਪਰ ਸਮੇਂ ਦੀਆਂ ਬੇਦਰਦ ਪੀੜਾਂ , ਦੁੱਖਾਂ, ਤਕਲੀਫਾਂ ਅਤੇ ਵਕਤੀ ਠੋਕਰਾਂ ਨੇ ਉਸਨੂੰ ਸਹਿਣਸ਼ੀਲ ਬਣਾ ਦਿੱਤਾ। ਗੁਰਮੇਲ ਦੇ ਕਹਿਣ ਮੁਤਾਬਿਕ ਸਰਾਪੇ ਤੇ ਸੰਤਾਪੇ ਵਰ੍ਹਿਆਂ ਨੇ ਦੀਪੂ ਦੀ ਰੂਹ ਨੂੰ ਜ਼ਖ਼ਮੀ ਤਾਂ ਕੀਤਾ ਪਰ ਉਸਨੂੰ ਸੰਵੇਦਨਸ਼ੀਲ ਵੀ ਬਣਾ ਦਿੱਤਾ। ਵਕਤੀ ਸਿਆਣਪ ਨੇ ਹੀ ਉਸਨੂੰ ਨਿਆਣੀ ਉਮਰੇ ਇੱਕ ਸਮਰੱਥ ਵਹਿੰਗੀ ਉਠਾਉਣ ਵਾਲਾ ਸਰਵਣ ਪੁੱਤ ਬਣਾ ਦਿੱਤਾ।

ਗੁਰਮੇਲ ਕਹਿੰਦਾ ਹੈ ਕਿ ਬੀਤ ਚੁੱਕੀਆਂ ਰਾਤਾਂ, ਪੱਤਣੋਂ ਲੰਘੇ ਪਾਣੀ ਤੇ ਵਿਛੜ ਗਏ ਸਾਥੀ ਭਾਵੇਂ ਕਦੇ ਵਾਪਸ ਨਹੀਂ ਆਉਂਦੇ ਪਰ ਜੋ ਉਸ ਕੋਲ ਹੁੰਦੇ ਹਨ ਤੇ ਉਹ ਉਸ ਦੀ ਜ਼ਿੰਦਗੀ ਦਾ ਸਰਮਾਇਆ ਹੁੰਦੇ ਹਨ ,ਉਹਨਾਂ ਸਹਾਰੇ, ਜ਼ਿੰਦਗੀ ਹਾਦਸਿਆਂ ਵਿੱਚੋਂ ਨਿਕਲ ਕੇ ਵੀ, ਸ਼ਾਹਰਾਹਾਂ ਉੱਤੇ ਤੁਰ ਪੈਂਦੀ ਹੈ ,ਆਪਣੀ ਯਾਤਰਾ ਕਰਨ ਲਈ। ਪਤਨੀ ਦੀ ਮੌਤ ਤੋਂ ਬਾਅਦ ਸਨੀ ਨੂੰ ਇੱਕ ਮੋਢੇ ਦੀ ਤਲਾਸ਼ ਸੀ ,ਜਿਸ ਤੇ ਸਿਰ ਰੱਖ ਕੇ ਉਹ ਰੋ ਸਕੇ , ਵਿਰਲਾਪ ਕਰ ਸਕੇ ਅਤੇ ਦਿਲ ਦਾ ਗੁਬਾਰ ਕੱਢ ਸਕੇ। ਦੀਪੂ ਨੇ ਉਸਨੂੰ ਉਹ ਮੋਢਾ ਦਿੱਤਾ। ਉਹ ਕਹਿੰਦਾ ਹੈ ਕਿ ਉਸਦੇ ਮਨ ਦਾ ਬੇਹੱਦ ਭਾਰ ਹਲਕਾ ਕੀਤਾ। ਵਕਤ ਦੇ ਬੀਤਣ ਨਾਲ ਭਾਵੇਂ ਹਰ ਚੀਸ ਕਮਜ਼ੋਰ ਹੋ ਜਾਂਦੀ ਹੈ ਪਰ ਦੀਪੂ ਦਾ ਮੋਹ ਤੇ ਪਿਆਰ ਉਸ ਲਈ ਨਿਆਮਤ ਸੀ ਜਿਸ ਨੇ ਉਸਨੂੰ ਹਰ ਹਾਲਾਤ ਵਿੱਚ ਵੀ ਤੰਦਰੁਸਤ ਤੇ ਤਾਕਤਵਰ ਬਣਾ ਕੇ ਰੱਖਿਆ।

ਸਨੀ ਕਹਿੰਦਾ ਹੈ," ਦੀਪੂ ਬੱਚਿਆਂ ਨਾਲ ਬੱਚਿਆਂ ਵਰਗਾ , ਨੌਜੁਵਾਨਾਂ ਨਾਲ ਉਹਨਾਂ ਵਰਗਾ ਤੇ ਬਜ਼ੁਰਗਾਂ ਨਾਲ ਬਜ਼ੁਰਗਾਂ ਵਰਗਾ ਹੋ ਜਾਂਦਾ ਹੈ। ਉਹ ਹਰ ਵਿਸ਼ੇ ਤੇ ਹਰ ਵਰਗ ਦੇ ਲੋਕਾਂ ਨਾਲ ਵਿਅਕਤੀ ਵਿਸ਼ੇਸ਼ ਅਨੁਸਾਰ ਗੱਲਾਂਬਾਤਾਂ ਕਰ ਲੈਂਦਾ ਹੈ। ਉਹ ਹਮੇਸ਼ਾ ਘਰ ਆਏ ਮਹਿਮਾਨਾਂ ਦਾ ਖਿੜੇ ਮੱਥੇ ਸਵਾਗਤ ਕਰਦਾ ਹੈ। ਕਦੇ ਮੱਥੇ ਵੱਟ ਨਹੀਂ ਪਾਉਂਦਾ। ਜਦੋਂ ਕਿ ਚਾਹ ਪਾਣੀ , ਰੋਟੀ ਟੁੱਕ ਅਤੇ ਭਾਂਡਾ ਠੀਕਰ ਇਤਿਆਦਿ ਸਾਰੇ ਘਰ ਦੇ ਕੰਮ ਉਸਨੂੰ ਖੁਦ ਕਰਨੇ ਪੈਂਦੇ ਹਨ। ਘਰ ਆਏ ਪ੍ਰਾਹੁਣੇ ਵੀ ਉਸਦੀ ਸੰਵੇਦਨਾ ਤੇ ਸੂਖ਼ਮਤਾ ਨੂੰ ਬਹੁਤ ਸਲਾਹੁੰਦੇ ਹਨ।"

ਗੁਰਮੇਲ ਆਪਣੇ ਪੁੱਤਰ ਬਾਰੇ ਦੱਸਦਾ ਹੈ ਕਿ ਉਸਨੂੰ ਕਿਤਾਬਾਂ ਪੜ੍ਹਨ ਦਾ ਬਹੁਤ ਸ਼ੌਕ ਹੈ। ਉਹ ਉੱਚ ਪੱਧਰੀ ਸਾਹਿਤ ਪੜ੍ਹਦਾ ਹੈ। ਹੁਣ ਤੱਕ ਉਸ ਨੇ ਸੈਂਕੜੇ ਪੁਸਤਕਾਂ ਪੜ੍ਹੀਆਂ ਹਨ। ਵਿਸ਼ਵ ਪੱਧਰ ਦੀਆਂ ਕਿਤਾਬਾਂ ਜਿਨ੍ਹਾਂ ਵਿੱਚ The Alchemist by Paulo Coelho, Crime and Punishment by Fyodor Dostoevsky, Das Capital and The Communist Manifesto by Karl Marx, The Courage to be Disliked by Fumitake Koga, Godan by Munshi Prem Chand, David Copperfirld by Charles Dickens, The Selfish Gene by Richard Dawkins, Man Search for Meaning by Viktor E. Frankl. ਇਹਨਾਂ ਤੋਂ ਇਲਾਵਾ ਪੰਜਾਬੀ ਵਿੱਚ ਬਹੁਤ ਸਾਰਾ ਸਾਹਿਤ ਵੀ ਪੜ੍ਹਿਆ ਹੈ। ਗੁਰਮੇਲ ਦੱਸਦਾ ਹੈ ਕਿ ਇੱਕ ਵਾਰ ਗੀਤਕਾਰ, ਲੇਖਕ ਤੇ ਕਲਾਕਾਰ ਜਗਦੀਸ਼ ਪਾਪੜਾ ਨੇ ਆਪਣੀ ਪੁਸਤਕ 'ਲਿਓਨਾਰਦੋ ਦਾ ਵਿੰਚੀ' ਪੜ੍ਹਨ ਲਈ ਉਸ ਕੋਲ ਭੇਜੀ। ਉਸ ਦੇ ਪੁਸਤਕ ਪੜ੍ਹਨ ਤੋਂ ਪਹਿਲਾਂ ਹੀ ਲਿਓਨਾਰਦੋ ਦਾ ਵਿੰਚੀ ਬਾਰੇ ਸਾਰੀ ਕਹਾਣੀ ਉਸਨੂੰ ਸੁਣਾ ਦਿੱਤੀ। ਜਦੋਂ ਉਸਨੇ ਉਹ ਪੁਸਤਕ ਪੜ੍ਹੀ ਦੀਪੂ ਵੱਲੋਂ ਦਿੱਤੀ ਜਾਣਕਾਰੀ ਬਿਲਕੁਲ ਦਰੁਸਤ ਸੀ। ਉਹ ਕਹਿੰਦਾ ਹੈ ਕਿ ਵਿਸ਼ਵ ਵਿਆਪੀ ਸਾਹਿਤ ਬਾਰੇ ਘਰ ਆਏ ਮਹਿਮਾਨਾਂ ਨਾਲ ਵੀ ਉਹ ਕਦੇ ਤੇਜ਼ ਪ੍ਰਵਾਹ ਨਾਲ ਗੱਲਬਾਤ ਕਰਦਾ ਹੈ, ਕਦੇ ਬੜੇ ਠਰ੍ਹਮੇ ਨਾਲ,ਕਈ ਵਿਸ਼ਿਆਂ ਨੂੰ ਸੰਖੇਪ ਜਿਹਾ ਵੀ ਛੂਹ ਲੈਂਦਾ ਹੈ ਤੇ ਕਈਆਂ ਉਪਰ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕਰ ਲੈਂਦਾ ਹੈ। ਧਰਮ , ਰਾਜਨੀਤੀ ਅਤੇ ਫਿਲਾਸਫੀ ਉਪਰ ਉਸਦੀ ਚੰਗੀ ਪਕੜ ਹੈ।

19 – 09 – 2025 ਨੂੰ ਦੀਪੂ ਪੂਰੇ ਪੱਚੀ ਵਰ੍ਹਿਆਂ ਦਾ ਹੋ ਜਾਵੇਗਾ। ਉਸਦੇ ਪਿਤਾ ਗੁਰਮੇਲ ਸਨੀ ਸੇਖੂਵਾਸ, ਉਸਦੇ ਸਨੇਹੀਆਂ, ਮਿੱਤਰਾਂ ਤੇ ਸਾਡੇ ਸਾਰਿਆਂ ਵੱਲੋਂ ਦੀਪੂ ਨੂੰ ਹਰ ਦਿਨ ਮੁਬਾਰਕ, ਜਨਮਦਿਨ ਦੀਆਂ ਬਹੁਤ ਬਹੁਤ ਮੁਬਾਰਕਾਂ।

## ਬੇਮਿਸਾਲ ਹੈ ਪੰਜਾਬ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਬੇਮਿਸਾਲ ਹੈ ਜਾਪਦਾ ਮੈਨੂੰ, ਸਭ ਤੋਂ ਵੱਧ ਪੰਜਾਬ।

ਪ੍ਰੇਮ-ਪ੍ਰੀਤ ਦੇ ਮਿੱਠੇ ਨਗ਼ਮੇ, ਗਾਉਂਦਾ ਦਿੱਸੇ ਚਨਾਬ।

ਏਥੇ ਕਿੰਨੇ ਪੀਰ-ਪੈਗ਼ੰਬਰ, ਭਗਤ ਗੁਰੂ ਨੇ ਆਏ।

ਭੁੱਲੇ-ਭਟਕਿਆਂ ਨੂੰ ਉਨ੍ਹਾਂ ਨੇ, ਸਿੱਧੇ ਰਾਹ ਵਿਖਾਏ।

ਇਹਦੀ ਸ਼ਾਨ ਉਵੇਂ ਹੈ, ਜਿੱਦਾਂ ਫੁੱਲਾਂ ਵਿੱਚ ਗੁਲਾਬ।

ਕਈ ਹਮਲਾਵਰ ਆਏ ਐਪਰ, ਕੋਈ ਨਾ ਟਿਕ ਸਕਿਆ।

ਮੂੰਹ ਦੀ ਖਾਣੀ ਪਈ ਅਤੇ, ਫਿਰ ਸੁੱਕਾ ਨਾ ਉਹ ਬਚਿਆ।

ਵਿੱਚ ਇਤਿਹਾਸ ਦੇ ਲਿਖਿਆ ਹੈ ਸਭ, ਪੜ੍ਹ ਕੇ ਵੇਖੋ ਕਿਤਾਬ।

ਕਿਧਰੇ ਕੋਈ ਕਰੋਪੀ ਆਵੇ, ਭਾਵੇਂ ਕੁਦਰਤੀ ਆਫ਼ਤ।

ਮਿਲ ਕੇ ਸਾਰੇ ਇੱਕ-ਦੂਜੇ ਨੂੰ, ਪਹੁੰਚਾ ਦਿੰਦੇ ਰਾਹਤ।

ਹੱਥ ਗੁਰੂਆਂ ਦਾ ਸਿਰ ਇਨ੍ਹਾਂ ਤੇ, ਸਮਝੋ ਤੁਸੀਂ ਜਨਾਬ!

ਰਲਮਿਲ ਕੇ ਰਹਿੰਦੇ ਨੇ ਮੁਸਲਿਮ, ਹਿੰਦੂ, ਸਿੱਖ, ਈਸਾਈ।

ਸਭ ਤਿਉਹਾਰ ਮਨਾਉਂਦੇ ਰਲ ਕੇ, ਬੱਚੇ, ਬਿਰਧ ਤੇ ਭਾਈ।

ਇਸ ਧਰਤੀ ਤੇ ਮਰਦਾਨੇ ਦੀ, ਅਜੇ ਵੀ ਸੁਣੇ ਰਬਾਬ।

## ਤਰਕਸ਼ੀਲਾਂ ਵੱਲੋਂ ਲੇਖ ਰਚਨਾ ਮੁਕਾਬਲਾ

ਕਲਾ ਤੇ ਸਿਰਜਣਾ ਨਾਲ ਜੁੜਨ ਦਾ ਅਵਸਰ:

### ਲੇਖ ਰਚਨਾ ਮੁਕਾਬਲਾ

- ਤਰਕਸ਼ੀਲ ਵੱਲੋਂ ਸ਼ੁਰੂ ਕੀਤੇ ਗਏ ਲੇਖ ਰਚਨਾ ਮੁਕਾਬਲੇ ਲਈ ਨਵੰਬਰ-ਦਸੰਬਰ 2025 ਦਾ ਵਿਸ਼ਾ ਪਾਕਿਸਤਾਨੀ ਸ਼ਾਇਰ ਬਾਬਾ ਨਜ਼ਮੀ ਦੀ ਕਵਿਤਾ ਵਿਚੋਂ ਸਤਰ
  - " ਬੇਹਿੰਮਤੇ ਨੇ ਜਿਹੜੇ ਬਹਿਕੇ ਸ਼ਿਕਵਾ ਕਰਨ ਮੁਕੱਦਰਾਂ ਦਾ "
- ਲੇਖ ਦੀ ਲੰਬਾਈ 1000 ਕੁ ਸ਼ਬਦਾਂ ਦੇ ਆਸ ਪਾਸ ਹੋਣੀ ਚਾਹੀਦੀ ਹੈ। ਇਸ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੇ ਨੂੰ 1000 ਰੁਪਏ ਅਤੇ ਦੂਜੇ ਸਥਾਨ ਵਾਲੇ ਨੂੰ 700 ਰੁਪਏ ਇਨਾਮ ਵਜੋਂ ਦਿੱਤੇ ਜਾਣਗੇ। ਇਸ ਲੇਖ ਰਚਨਾ ਮੁਕਾਬਲੇ ਲਈ ਅਸੀਂ ਮੁੱਖ ਤੌਰ 'ਤੇ ਕਾਲਜ ਵਿਦਿਆਰਥੀਆਂ ਅਤੇ ਨਵੇਂ ਉਭਰ ਰਹੇ ਲੇਖਕਾਂ ਨੂੰ ਸੱਦਾ ਦਿੰਦੇ ਹਾਂ।
- ਇਸ ਵਿਸ਼ੇ ਉਪਰ ਤੁਹਾਡੀ ਰਚਨਾ 5 ਅਕਤੂਬਰ ਤੱਕ ਈਮੇਲ ਜਾਂ ਵਟਸਐਪ ਰਾਹੀਂ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

Email - editortarksheel@gmail.com
Watsapp Number - 95018 83486

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮਵੇਦ

ਤਰਕਸ਼ੀਲ ਸੁਸਾਇਟੀ ਪੰਜਾਬ ਦੇ ਬੁਲਾਰੇ ਦੋ ਮਾਸਿਕ ਤਰਕਸ਼ੀਲ ਮੈਗਜ਼ੀਨ ਵੱਲੋਂ ਸ਼ੁਰੂ ਕੀਤੇ ਗਏ ਲੇਖ ਰਚਨਾ ਮੁਕਾਬਲੇ ਲਈ ਲਿਖਣ ਵਾਸਤੇ ਵਿਸ਼ਾ ਕਿਸੇ ਰਵਾਇਤੀ ਵਿਸ਼ੇ ਦੀ ਬਜਾਏ ਕੋਈ ਵਿਚਾਰ ਜਾਂ ਕਵਿਤਾ ਦੀ ਸਤਰ ਜਾਂ ਸ਼ੇਅਰ ਹੁੰਦਾ ਹੈ। ਤਰਕਸ਼ੀਲ ਮੈਗਜ਼ੀਨ ਦੇ ਸੰਪਾਦਕ ਰਾਜਪਾਲ ਸਿੰਘ ਤੇ ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮ ਵੇਦ ਨੇ ਦੱਸਿਆ ਕਿ ਨਵੰਬਰ- ਦਸੰਬਰ 2025 ਦਾ ਵਿਸ਼ਾ ਪਾਕਿਸਤਾਨੀ ਸ਼ਾਇਰ ਬਾਬਾ ਨਜ਼ਮੀ ਦੀ ਕਵਿਤਾ ਵਿਚੋਂ ਸਤਰ : 'ਬੇਹਿੰਮਤੇ ਨੇ ਜਿਹੜੇ ਬਹਿਕੇ ਸ਼ਿਕਵਾ ਕਰਨ ਮੁਕੱਦਰਾਂ ਦਾ' 'ਤੇ ਆਧਾਰਿਤ ਹੈ
*ਲੇਖ ਦੀ ਲੰਬਾਈ 1000 ਕੁ ਸ਼ਬਦਾਂ ਦੇ ਆਸ ਪਾਸ ਹੋਣੀ ਚਾਹੀਦੀ ਹੈ।
:ਇਸ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ 1000/-ਰੁਪਏ ਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ 700/- ਰੁਪਏ ਇਨਾਮ ਵਜੋਂ ਦਿੱਤੇ ਜਾਣਗੇ।
:ਇਸ ਲੇਖ ਰਚਨਾ ਮੁਕਾਬਲੇ ਲਈ ਮੁੱਖ ਤੌਰ ਤੇ ਕਾਲਜ ਵਿਦਿਆਰਥੀਆਂ ਤੇ ਨਵੇਂ ਉਭਰ ਰਹੇ ਲੇਖਕਾਂ ਨੂੰ ਸੱਦਾ ਦਿੱਤਾ ਗਿਆ ਹੈ।
ਇਸ ਵਿਸ਼ੇ ਉਪਰ ਰਚਨਾ 5 ਅਕਤੂਬਰ ਤੱਕ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਈਮੇਲ ਜਾਂ ਵਟਸਐਪ ਰਾਹੀਂ ਪਹੁੰਚ ਜਾਣੀ ਚਾਹੀਦੀ ਹੈ।

## ਬਿਮਾਰੀਆਂ ਤੋਂ ਬਚਣ ਲਈ ਰੋਜ਼ਾਨਾ ਜੀਵਨ ਵਿੱਚ ਯੋਗ ਦੀ ਅਹਿਮੀਅਤ ਸਮਝਣ ਦੀ ਜ਼ਰੂਰਤ ।

ਵਰਲਡ ਪੰਜਾਬੀ ਟਾਈਮਜ਼
ਵਨੀਤਾ ਬਜਾਜ

ਮਨੁੱਖ ਜੀਵਨ ਨੂੰ ਸਫਲ ਬਣਾਉਣ ਲਈ ਸਭ ਤੋਂ ਪਹਿਲਾਂ ਸਰੀਰ ਨੂੰ ਤਾਕਤਵਰ ਤੇ ਨਿਰੋਗ ਬਣਾਉਣਾ ਬਹੁਤ ਜਰੂਰੀ ਹੈ। ਸਾਡੇ ਪੂਰਵਜਾਂ ਨੇ ਯੋਗ ਆਸਨਾ ਦਾ ਮਾਰਗ ਲੱਭਿਆ ਹੈ। ਯੋਗ ਕਰਨ ਨਾਲ ਸਾਡਾ ਸੁਭਾਅ ਵਿਨਮਰ ਬਣ ਜਾਂਦਾ ਹੈ । ਗੁੱਸੇ ਦੀ ਭਾਵਨਾ ਖਤਮ ਹੋ ਜਾਂਦੀ ਹੈ ।ਮਨ ਵਿੱਚ ਵਧੀਆ ਅਤੇ ਸਕਾਰਾਤਮਕ ਵਿਚਾਰ ਆਉਂਦੇ ਹਨ। ਦੂਸਰਿਆਂ ਨਾਲ ਨਫਰਤ ਖਤਮ ਹੋ ਜਾਂਦੀ ਹੈ। ਉਦਾਰਤਾ ਤੇ ਸਰਲਤਾ ਵੱਧ ਜਾਂਦੀ ਹੈ। ਤੁਸੀਂ ਖੁਸ਼ ਰਹਿਣ ਲੱਗਦੇ ਹੋ। ਇਸ ਤਰ੍ਹਾਂ ਯੋਗ ਤੁਹਾਨੂੰ ਬਾਹਰੋਂ ਹੀ ਨਹੀਂ ਬਲਕਿ ਅੰਦਰੋਂ ਵੀ ਬਦਲ ਦਿੰਦਾ ਹੈ।

ਰੋਜਾਨਾ ਯੋਗ ਕਰਨ ਨਾਲ ਰੀੜ ਦੀ ਹੱਡੀ ਮਜਬੂਤ ਹੁੰਦੀ ਹੈ ਲਚੀਲੀ ਹੋ ਜਾਂਦੀ ਹੈ। ਯੋਗ ਦੀਆਂ ਤਕਰੀਬਨ ਸਾਰੀ ਕਿਰਿਆਵਾਂ ਰੀੜ ਨੂੰ ਪ੍ਰਭਾਵਿਤ ਕਰਦੀਆਂ ਹਨ। ਤ੍ਰਿਕੋਣ ਆਸਨ ਕਰਨ ਨਾਲ ਰੀੜ ਦੀ ਹੱਡੀ ਨਾਲ ਦੀਆਂ ਮਾਸਪੇਸ਼ੀਆਂ ਸਵਸਥ ਹੁੰਦੀਆਂ ਹਨ ਤਾੜ ਆਸਣ ਨਾਲ ਰੀੜ ਦੀ ਟਰੈਕਸ਼ਨ ਕਰਨ ਨਾਲ ਰੀੜ ਦਾ ਉਪਰੀ ਹਿੱਸਾ ਲਚੀਲਾ ਰਹਿੰਦਾ ਹੈ ।ਸਰੀਰ ਦਾ ਖੂਨ ਵਧੀਆ ਦੋਰਾ ਕਰਨ ਲੱਗ ਪੈਂਦਾ ਹੈ। ਯੋਗ ਨਾਲ ਜੁੜੇ ਰਹਿਣ ਨਾਲ ਬੰਦਾ ਜਵਾਨ ਬਣਿਆ ਰਹਿੰਦਾ ਹੈ ।ਚਿਹਰੇ ਦੀ ਤਾਜਗੀ ਅਤੇ ਚਮਕ ਬਰਕਰਾਰ ਰਹਿੰਦੀ ਹੈ। ਨਿਯਮਿਤ ਰੂਪ ਵਿੱਚ ਸੂਰਜ ਨਮਸਕਾਰ ਕਰਨ ਨਾਲ ਇਨਸਾਨ ਸਦਾ ਜਵਾਨ ਬਣਿਆ ਰਹਿ ਸਕਦਾ ਹੈ। ਇੱਕ ਸੂਰਜ ਨਮਸਕਾਰ ਵਿੱਚ 12 ਆਸਨ ਸਮਾਏ ਹੁੰਦੇ ਹਨ। ਜਿਸ ਨਾਲ ਪੰਜ ਤੱਤਾਂ ਦੀ ਪ੍ਰਾਪਤੀ ਅਤੇ ਸੱਤ ਚੱਕਰ ਪ੍ਰਭਾਵਿਤ ਹੁੰਦੇ ਹਨ। ਹਰ ਇਨਸਾਨ ਚਾਹੇ ਉਹ ਆਦਮੀ, ਗ੍ਰਹਿਣੀ, ਬਜ਼ੁਰਗ ਜਾਂ ਵਿਦਿਆਰਥੀ ਹੋਵੇ, ਯੋਗ ਨਾਲ ਜੁੜੇ ਰਹਿਣ ਦੀ ਬਹੁਤ ਸਖਤ ਜਰੂਰਤ ਹੈ।

## ਸਕੂਲ ਮੁੱਖੀਆਂ ਤੋਂ ਸੱਖਣੇ ਸਕੂਲ ਕੀ 'ਸਿੱਖਿਆ ਕ੍ਰਾਂਤੀ' ਲਿਆਉਣਗੇ ?




ਵਰਲਡ ਪੰਜਾਬੀ ਟਾਈਮਜ਼
ਮੇਜਰ ਸਿੰਘ ਨਾਭਾ

ਸਿੱਖਿਆ ਸੁਧਾਰਾਂ ਦੀ ਗੱਲ ਪਿਛਲੇ ਕਈ ਦਹਾਕਿਆਂ ਤੋਂ ਚਲ ਰਹੀ ਹੈ । ਪੰਜਾਬ ਅੰਦਰ ਇਸ ਸਰਕਾਰ ਨੇ ਸਿਹਤ ਅਤੇ ਸਿੱਖਿਆ ਸੁਧਾਰ ਦੇ ਮੁੱਦੇ ਨੂੰ ਪਹਿਲ ਦੇਣ ਲਈ ਅਹਿਦ ਕੀਤਾ ਸੀ , ਸਰਕਾਰ ਨੇ 'ਸਿੱਖਿਆ ਕ੍ਰਾਂਤੀ' ਦਾ ਆਗਾਜ਼ ਕੀਤਾ ਹੈ ਪਰ ਇਹ ਤਾਂ ਅਜੇ ਸਕੂਲਾਂ ਵਿੱਚ ਪੂਰਾ ਸਟਾਫ ਦੇਣ ਲਈ ਵਿੱਚ ਸਫਲ ਨਹੀਂ ਹੋਈ , ਅਗਲੇ ਦੋ ਸਾਲਾਂ ਵਿੱਚ ਅਧਿਆਪਕਾਂ ਦੀ ਸੇਵਾ ਮੁਕਤੀ ਵੱਡੀ ਗਿਣਤੀ ਵਿੱਚ ਹੋਣ ਜਾ ਰਹੀ ਹੈ , ਉਸ ਨਾਲ ਹੋਰ ਪੋਸਟਾਂ ਖਾਲੀ ਹੋ ਜਾਣੀਆਂ ਹਨ । ਤਾਜ਼ਾ ਸਥਿਤੀ ਮੁਤਾਬਕ 'ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ' ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ ਕੁਲ 1927 ਪ੍ਰਿੰਸੀਪਲਾਂ ਵਿੱਚੋਂ 943 ਹੀ ਪ੍ਰਿੰਸੀਪਲ ਕੰਮ ਕਰ ਰਹੇ ਹਨ ਤਕਰੀਬਨ 51 ਪ੍ਰਤੀਸ਼ਤ ਸਕੂਲ ਪ੍ਰਿੰਸੀਪਲਾਂ ਤੋਂ ਸੱਖਣੇ ਹੋਣ ਕਰਕੇ ਸੀਨੀਅਰ ਅਧਿਆਪਕ ਹੀ ਸਕੂਲ ਮੁੱਖੀ ਦੀ ਜ਼ਿੰਮੇਵਾਰੀ ਨਿਭਾ ਰਹੇ ਹਨ ਅਤੇ ਰੈਗੂਲਰ ਪ੍ਰਿੰਸੀਪਲਾਂ ਨੂੰ ਕਈ ਕਈ ਸਕੂਲਾਂ ਦੀਆਂ ਡੀ.ਡੀ.ਓ. ਪਾਵਰਜ਼ ਦਿੱਤੀਆਂ ਹੋਈਆਂ ਹਨ ।ਇਹੋ ਜਿਹੇ ਸਕੂਲ ਇੰਚਾਰਜਾਂ ਦੇ ਆਪਣੇ ਵਿਸ਼ੇ ਦੇ ਬੱਚਿਆਂ ਦੀ ਪੜ੍ਹਾਈ ਸਕੂਲ ਦੇ ਪ੍ਰਬੰਧ ਕਰਨ ਸਦਕਾ ਪ੍ਰਭਾਵਿਤ ਹੁੰਦੀ ਹੈ । ਮਾਨਸਾ ਜਿਲ੍ਹੇ ਵਿੱਚ ਅੰਕੜੇ ਜੋ ਦੱਸੇ ਹਨ ਉਸ ਅਨੁਸਾਰ ਕਰੀਬ 82 ਪ੍ਰਤੀਸ਼ਤ ਪ੍ਰਿੰਸੀਪਲਾਂ ਦੀਆਂ ਆਸਾਮੀਆਂ ਖਾਲੀ ਹਨ ਜੋ ਸਿੱਖਿਆਂ ਸੁਧਾਰਾਂ ਲਈ ਚਿੰਤਾ ਦਾ ਵਿਸ਼ਾ ਹੈ । ਮੁੱਖ ਅਧਿਆਪਕ ਵੀ ਹਾਈ ਸਕੂਲਾਂ ਵਿੱਚ ਪੂਰੇ ਨਹੀਂ । ਬਾਕੀ ਵਿਸ਼ਿਆਂ ਦੇ ਅਧਿਆਪਕਾਂ ਦੀ ਘਾਟ ਤਾਂ ਹੈ ਹੀ , ਇਸ ਨੂੰ ਪੂਰੀ ਕਰਨ ਲਈ ਕੋਈ ਠੋਸ ਕਦਮ ਅਜੇ ਤੱਕ ਸਰਕਾਰ ਵਲੋਂ ਨਹੀਂ ਚੁੱਕੇ ਗਏ ਜਿਸ ਕਾਰਨ ਬੱਚਿਆਂ ਦੀ ਪੜ੍ਹਾਈ ਉੱਪਰ ਮਾੜਾ ਅਸਰ ਪੈਣਾ ਹੀ ਹੈ । ਬਾਕੀ ਸੁਧਾਰਾਂ ਦੀ ਗੱਲ ਤਾਂ ਅਜੇ ਦੂਰ ਹੈ , ਜਦੋਂ ਕਿ ਸਰਕਾਰ ਦਾ ਸਮਾਂ ਸਿਰਫ ਡੇਢ ਸਾਲ ਤੋਂ ਵੀ ਘੱਟ ਰਹਿ ਗਿਆ ਹੈ ।ਕਿਸੇ ਵੀ ਅਦਾਰੇ ਦੀ ਸਫਲਤਾ , ਤਰੱਕੀ ਲਈ ਉਸ ਦੇ ਪ੍ਰਬੰਧਕ ਦਾ ਹੋਣਾ ਜਰੂਰੀ ਹੈ । ਸਕੂਲ ਦੇ ਪ੍ਰਬੰਧ ਨੂੰ ਵਧੀਆ ਤਰੀਕੇ ਨਾਲ ਚਲਾਉਣ ਲਈ ਸਕੂਲ ਮੁੱਖੀਆਂ ਦਾ ਅਹਿਮ ਰੋਲ ਹੈ ।ਸਿੱਖਿਆ ਵਿਭਾਗ ਵਿੱਚ ਸੁਧਾਰਾਂ ਨੂੰ ਲੈ ਕੇ ਪਿਛਲੇ ਸਮੇਂ ਤੋਂ ਨਵੇਂ ਨਵੇਂ ਤਜ਼ਰਬੇ ਕੀਤੇ ਜਾ ਰਹੇ ਹਨ ਪਰ ਕੋਈ ਵਧੀਆ ਨਤੀਜੇ ਸਾਹਮਣੇ ਨਹੀਂ ਆਏ । ਜਦੋਂ ਕਿਸੇ ਵਿਭਾਗ ਦਾ ਮੁੱਖੀ ਇਮਾਨਦਾਰ ਕੁਸ਼ਲ ਪ੍ਰਬੰਧਕ ਆ ਜਾਵੇ ਤਾਂ ਬਹੁਤ ਸਾਰੇ ਮਸਲੇ ਆਪਣੇ ਆਪ ਹੱਲ ਹੋ ਜਾਂਦੇ ਹਨ।ਸਕੂਲ ਪੱਧਰ ਦੀ ਗੱਲ ਕਰੀਏ ਤਾਂ ਸਕੂਲ ਮੁੱਖੀ ਦੀਆਂ ਜ਼ਿੰਮੇਵਾਰੀਆਂ ਵੀ ਘੱਟ ਨਹੀਂ ।ਸਕੂਲ ਦੇ ਸਾਰੇ ਸਟਾਫ ਨੂੰ ਜਿਹੜਾ ਸਕੂਲ ਮੁੱਖੀ ਆਪਣੇ ਨਾਲ ਲੈ ਕੇ ਚਲਦਾ ਹੈ ਉਹ ਸਕੂਲ ਦੇ ਸਟਾਫ ਨੂੰ ਪੜ੍ਹਾਈ ਦਾ ਵਧੀਆ ਮਾਹੌਲ ਦੇ ਸਕਦਾ ਹੈ।

ਬਹੁਤ ਸਾਰੇ ਸਕੂਲ ਮੁੱਖੀ ਬਹੁਤ ਸਿਆਣਪ ਨਾਲ ਸਾਰੇ ਸਟਾਫ ਨੂੰ ਨਾਲ ਲੈ ਕੇ ਸਕੂਲ ਦੀ ਬਿਹਤਰੀ ਲਈ ਸਾਰੇ ਕੰਮ ਸਮੇਂ ਸਿਰ ਕਰਦੇ ਹਨ ।ਅਧਿਆਪਕਾਂ ਦੇ ਏ.ਸੀ.ਪੀ. ਕੇਸ, ਪਰਖ ਸਮਾਂ, ਕਨਫਰਮੇਸ਼ਨ ਕੇਸ ਆਦਿ ਸਕੂਲ ਪੱਧਰ ਤੇ ਨਿਪਟਾਰਾ ਕਰਨ ਲਈ ਸਕੂਲ ਮੁੱਖੀਆਂ ਨੂੰ ਸ਼ਕਤੀਆਂ ਦੇ ਦਿੱਤੀਆਂ ਗਈਆਂ ਹਨ , ਇਹ ਸਾਰਾ ਕੁਝ ਸਕੂਲ ਮੁੱਖੀ ਦੇ ਹੋਣ ਸਦਕਾ ਹੀ ਆਸਾਨੀ ਨਾਲ ਹੋ ਸਕੇਗਾ ।ਇੱਕ ਕੁਸ਼ਲ ਸਕੂਲ ਮੁੱਖੀ ਸਮੇਂ ਸਿਰ ਪਹਿਲ ਦੇ ਆਧਾਰ ਤੇ ਆਪਣੀ ਜ਼ਿੰਮੇਵਾਰੀ ਸਮਝ ਕੇ ਸਾਰੇ ਕੰਮ ਕਰਦਾ ਹੈ,ਕਿਉਂ ਕਿ ਇਹ ਕੰਮ ਕਰਨੇ ਤਾਂ ਪੈਣੇ ਹੀ ਹਨ ਤਾਂ ਫੇਰ ਲੇਟ ਕਿਉਂ ਕੀਤਾ ਜਾਵੇ।

ਬਹੁਤ ਸਾਰੇ ਸਕੂਲਾਂ ਵਿੱਚ ਲੇਡੀ ਸਕੂਲ ਮੁੱਖੀ ਜੈਂਟਸ ਸਕੂਲ ਮੁੱਖੀਆਂ ਤੋਂ ਵੀ ਵਧੀਆ ਕੰਮ ਕਰ ਰਹੇ ਹਨ। ਸ.ਸ.ਸ.ਸ. ਦੰਦਰਾਲਾ ਢੀਂਡਸਾ (ਪਟਿਆਲਾ) ਵਿਖੇ ਸਕੂਲ ਕਈ ਵਾਰ ਜਾਣ ਦਾ ਮੌਕਾ ਮਿਲਿਆਂ ਇਥੇ ਪ੍ਰਿੰਸੀਪਲ ਦੀ ਪੋਸਟ ਖਾਲੀ ਹੈ , ਸਕੂਲ ਦੀ ਸੀਨੀਅਰ ਲੈਕਚਰਾਰ ਮੈਡਮ ਦਲਜੀਤ ਕੌਰ ਸਕੂਲ ਨੂੰ ਵਧੀਆ ਤਰੀਕੇ ਨਾਲ ਚਲਾ ਰਹੇ ਹਨ । ਉਨ੍ਹਾਂ ਸਕੂਲ ਦੇ ਬੱਚਿਆਂ ਲਈ 'ਮੇਰਾ ਸਕੂਲ ਵੈਲਫੇਅਰ ਸੋਸਾਇਟੀ' ਦੰਦਰਾਲਾ ਢੀਂਡਸਾ ਦੇ ਸਹਿਯੋਗ ਨਾਲ ਸਾਰੇ ਬੱਚਿਆਂ ਨੂੰ ਸਰਦੀ ਤੋਂ ਬਚਣ ਲਈ ਜੈਕਟਾਂ ਦੇਣ , ਗਰੀਬ ਬੱਚਿਆ ਦੀ ਫੀਸ਼ ਮੁਆਫ ਕਰਨਾ , ਸਕੂਲ ' ਚ ਸਵੇਰ ਦੀ ਸਭਾ ਲਈ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਤੋਂ ਗ੍ਰਾਂਟ ਜਾਰੀ ਕਰਵਾ ਸੈੱਡ ਬਣਵਾਉਣਾ , ਸਕੂਲ ਦੇ ਗੇਟ ਦਾ ਨਵੀਨੀਕਰਨ , ਸਾਲਾਨਾ ਫੰਕਸ਼ਨ 'ਚ ਟਾਪਰ ਬੱਚਿਆਂ ਨੂੰ ਇਨਾਮ ਦੇਣਾ , ਅਧਿਆਪਕ ਦਿਵਸ਼ ਤੇ ਸਾਰੇ ਅਤੇ ਸੇਵਾ ਮੁਕਤ ਅਧਿਆਂਪਕਾਂ ਦਾ ਵਿਸ਼ੇਸ਼ ਸਨਮਾਨ ਕਰਨਾ , ਸਕੂਲ ਮੈਗਜ਼ੀਨ ਪ੍ਰਕਾਸ਼ਿਤ ਕਰਨ ਵਰਗੇ ਕੰਮ ਕਰ ਕੇ ਆਪਣੀ ਕਾਬਲੀਅਤ ਦਾ ਸਬੂਤ ਦਿੱਤਾ ਹੈ , ਫਿਰ ਕਿਉਂ ਨਹੀਂ ਇਹੋ ਜਿਹੇ ਸੀਨੀਅਰ ਅਧਿਆਪਕਾਂ ਨੂੰ ਤਰੱਕੀ ਦੇ ਕੇ ਸਕੂਲ ਮੁੱਖੀ ਬਣਾਇਆ ਜਾਂਦਾ ? ਚੰਗਾ ਸਕੂਲ ਮੁੱਖੀ ਹਮੇਸ਼ਾਂ ਸਟਾਫ ਅਤੇ ਪਿੰਡ ਵਾਸੀਆਂ ਨਾਲ ਸ਼ਾਜ਼ਗਾਰ ਸਬੰਧ ਬਣਾ ਕੇ ਸਕੂਲ ਅਤੇ ਬੱਚਿਆਂ ਦੀ ਭਲਾਈ ਦੇ ਕੰਮ ਕਰ ਸਕਦਾ ਹੈ।ਬਹੁਤ ਸਾਰੇ ਸਕੂਲ ਮੁੱਖੀ ਸੱਚ ਮੁੱਚ ਕਾਬਿਲੇ-ਤਾਰੀਫ ਕੰਮ ਕਰਦੇ ਹਨ ਜਿਨ੍ਹਾਂ ਤੋਂ ਬਾਕੀਆਂ ਨੂੰ ਵੀ ਸੇਧ ਲੈਣੀ ਚਾਹੀਦੀ ਹੈ।ਸਿੱਧੀ ਭਰਤੀ ਰਾਹੀਂ ਨਵੇਂ ਨਿਯੁਕਤ ਹੋਏ ਮੁਖ ਅਧਿਆਪਕ , ਪਿੰਸੀਪਲ ਭਾਵੇਂ ਛੋਟੀ ਉਮਰੇ ਇਸ ਕੁਰਸੀ ਤੇ ਬੈਠੇ ਹਨ,ਪਰ ਉਨ੍ਹਾਂ ਅੰਦਰ ਸਕੂਲ ਪ੍ਰਤੀ ਹਰ ਕੰਮ ਜ਼ਿੰਮੇਵਾਰੀ ਨਾਲ ਕਰਨ ਦਾ ਜੋਸ਼ ਭਰਿਆ ਹੈ ।ਮੇਰੇ ਕੁਲੀਗ ਰਹੇ ਨਵ-ਨਿਯੁਕਤ ਮੁੱਖ ਅਧਿਆਪਕ ਸ਼੍ਰੀ ਕੁਲਵੀਰ ਸਿੰਘ ਸ.ਹ.ਸ. ਰਾਜਪੁਰਾ (ਸੰਗਰੂਰ) ਨੇ ਵੀ ਖੇਡਾਂ ਅਤੇ ਪੜ੍ਹਾਈ ਪੱਖੋਂ ਥੋੜ੍ਹੇ ਜਿਹੇ ਸਮੇਂ ਵਿੱਚ ਸਕੂਲ ਦੀ ਦਿੱਖ ਬਦਲ ਦਿੱਤੀ।ਉਹ ਉਂਝ ਵੀ ਹਰ ਪੱਖੋਂ ਜਾਗਰੂਕ ਹਨ , ਜਿਹੜੀਆਂ ਐਕਟੀਵਿਟੀਜ਼ ਆਮ ਸਕੂਲ ਨਹੀਂ ਕਰਾਉਂਦੇ ,ਉਹ ਕਰਵਾ ਕੇ ਬੱਚਿਆਂ ਅੰਦਰ ਨਵਾਂ ਜ਼ਜ਼ਬਾ ਭਰ ਦਿੰਦੇ ਹਨ।ਇਸੇ ਤਰ੍ਹਾਂ ਹੀ ਮੇਰੇ ਦੋਸਤ ਮਾ: ਭਗਵਾਨ ਹਾਂਸ਼ ਦੀ ਬੇਟੀ ਸਿੱਧੀ ਭਰਤੀ ਰਾਹੀਂ ਛੋਟੀ ਉਮਰੇ ਪ੍ਰਿੰਸੀਪਲ ਬਣ ਕੇ ਬੜੀ ਕਾਬਲੀਅਤ ਨਾਲ ਸ.ਸ.ਸ.ਸ. ਘਾਬਦਾਂ (ਸੰਗਰੂਰ) ਵਿਖੇ ਆਪਣੀਆਂ ਸਕੂਲ ਪ੍ਰਤੀ ਸੇਵਾਵਾਂ ਤੋਂ ਇਲਾਵਾ ਬਲਾਕ ਨੋਡਲ ਅਫਸਰ ਦੀ ਸੇਵਾ ਵੀ ਸੁੱਚਜੇ ਢੰਗ ਨਾਲ ਨਿਭਾ ਰਹੀ ਹੈ ।ਹੋਰ ਨਵੇਂ ਸਕੂਲ ਮੁੱਖੀ ਵੀ ਤਕਰੀਬਨ ਵਧੀਆ ਸੇਵਾਵਾਂ ਨਿਭਾ ਰਹੇ ਹਨ ।ਇਸ ਲਈ ਨਵੇਂ ਸਕੂਲ ਮੁੱਖੀਆਂ ਦੀ ਤਰੱਕੀ ਜਾਂ ਸਿੱਧੀ ਭਰਤੀ ਨਾਲ ਭਰਤੀ ਕਰਕੇ ਪੰਜਾਬ ਦੇ ਸਾਰੇ ਸਕੂਲਾਂ ਨੂੰ ਸਕੂਲ ਮੁੱਖੀ ਦੇ ਕੇ ਸਿੱਖਿਆ ਦੇ ਮਿਆਰ ਨੂੰ ਸੱਚ ਮੁੱਚ ਉੱਚਾ ਚੁੱਕਿਆ ਜਾਵੇ ।ਸਿੱਖਿਆ ਕ੍ਰਾਂਤੀ ਤਾਂ ਹੀ ਸੰਭਵ ਹੋਵੇਗੀ ਜੇ ਸਕੂਲਾਂ ਅੰਦਰ ਸਭ ਤੋਂ ਪਹਿਲਾਂ ਸਾਰਾ ਸਟਾਫ ਭਰਤੀ ਕਰਕੇ ਪੂਰਾ ਕੀਤਾ ਜਾਵੇਗਾ , ਨਾਅਰੇ ਦੇਣ ਨਾਲ ਕੁਝ ਨਹੀਂ ਸੰਵਰਨਾ ।